# ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ:- ਅੱਠਵੀਂ, ਦਸਵੀਂ ਅਤੇ ਬਾਰਵੀਂ ਸ਼੍ਰੇਣੀ ਕੇਵਲ Term-2 ਦੀ ਪਰੀਖਿਆ 2022 ਲਈ ਨਵੇਂ ਪਰੀਖਿਆ ਕੇਂਦਰ ਬਣਾਉਣ ਅਤੇ ਪੁਰਾਣੇ ਪਰੀਖਿਆ ਕੇਂਦਰ ਚਾਲੂ ਰੱਖਣ ਲਈ ਜਨਰਲ ਹਦਾਇਤਾਂ।**

I. ਪਰੀਖਿਆ ਕੇਂਦਰ ਸਥਾਪਿਤ ਕਰਨ ਸਬੰਧੀ ਹੇਠ ਦਰਜ ਸ਼ਡਿਊਲ ਅਨੁਸਾਰ ਬਿਨੈ ਪੱਤਰ ਅਤੇ ਫੀਸ ਜਮ੍ਹਾਂ ਕਰਵਾਇਆ ਜਾਵੇ। ਨਿਰਧਾਰਿਤ ਮਿਤੀ ਤੋਂ ਬਾਅਦ ਕੋਈ ਵੀ ਫਾਰਮ ਅਤੇ ਫੀਸ ਪ੍ਰਾਪਤ ਨਹੀਂ ਕੀਤੀ ਜਾਵੇਗੀ।

II. **ਫਾਰਮ ਜਮ੍ਹਾਂ ਕਰਵਾਉਣ ਦਾ ਸ਼ਡਿਊਲ:** ਬੋਰਡ ਦੀ ਵੈੱਬ ਸਾਈਟ ਜਾਂ ਸਕੂਲ ਲਾਗਇੰਨ ਆਈ.ਡੀ. ਵਿੱਚੋਂ ਫਾਰਮ ਨੂੰ ਡਾਊਨਲੋਡ ਕੀਤਾ ਜਾਵੇ ਅਤੇ ਇਸਨੂੰ ਹੱਥ ਨਾਲ ਭਰਕੇ ਹੇਠ ਦਰਜ ਸ਼ਡਿਊਲ ਅਨੁਸਾਰ ਜਮ੍ਹਾਂ ਕਰਵਾਇਆ ਜਾਵੇਗਾ:-

| **ਬਿਨੈਪੱਤਰ ਜਮ੍ਹਾਂ ਕਰਵਾਉਣ ਦੀ ਮਿਤੀ** | **ਸਰਕਾਰੀ (GOVT), ਏਡਿਡ ਮਾਨਤਾ ਪ੍ਰਾਪਤ (R&A) , ਅਨ-ਏਡਿਡ ਮਾਨਤਾ ਪ੍ਰਾਪਤ (DTA), ਐਫੀਲੀਏਟਿਡ (AFF) ਸਕੂਲ** |
|---|---|
| 02-Feb-2022 ਤੋਂ 12-Feb-2022 | ਮੁੱਖ ਦਫ਼ਤਰ (ਸਿੰਗਲ ਵਿੰਡੋ) |

ਫੀਸਾਂ ਦਾ ਸ਼ਡਿਊਲ:- 02-Feb-2022 ਤੋਂ 10-Feb-2022

ਫੀਸ ਸਕੂਲ ਲਾਗਇੰਨ ਆਈ.ਡੀ. ਅਧੀਨ ਆਨਲਾਈਨ ਭਰਵਾਈ ਜਾਵੇਗੀ। ਫੀਸ ਭਰਨ ਸਮੇਂ ਮੈਨੂਅਲ ਜਮ੍ਹਾਂ ਕਰਵਾਏ ਫਾਰਮ ਦੀ ਸਕੈਨਡ ਕਾਪੀ ਅਪਲੋਡ ਕਰਨੀ ਲਾਜ਼ਮੀ ਹੋਵੇਗੀ।

| **ਕਿਸਮ** | **ਸਰਕਾਰੀ ਸਕੂਲ** | **ਏਡਿਡ ਸਕੂਲ** | **ਐਫੀਲੀਏਟਿਡ / ਮਾਨਤਾ ਪ੍ਰਾਪਤ** |
|---|---|---|---|
| ਨਵਾਂ Self ਕੇਂਦਰ ਬਣਵਾਉਣ ਲਈ | 2200/- ਰੁ: | 5,000/- ਰੁ: | 20,000/- ਰੁ: |
| ਕੰਟੀਨਿਊਸ਼ਨ ਫੀਸ : ਮਾਰਚ 2017 ਦੀਆਂ ਪਰੀਖਿਆਵਾਂ ਅਤੇ ਟਰਮ-1 ਦੀ ਪਰੀਖਿਆ ਦੌਰਾਨ ਚਲਦੇ ਪਰੀਖਿਆ ਕੇਂਦਰਾਂ ਦੀ ਕੇਵਲ ਟਰਮ-2 ਲਈ ਕੰਟੀਨਿਊਸ਼ਨ ਫੀਸ ਹਰ ਹਾਲਤ ਵਿੱਚ ਜਮ੍ਹਾਂ ਕਰਵਾਉਣੀ ਪਵੇਗੀ। | ------ | ------ | 2000/- ਰੁ: ਕੇਵਲ ਟਰਮ-2 ਲਈ |

1. ਉਪਰੋਕਤ ਫੀਸ ਤੋਂ ਇਲਾਵਾ ਉਪਰੋਕਤ ਦਰਜ ਦੋਵੇਂ ਕਿਸਮਾਂ ਵਿੱਚ ਜੇਕਰ ਸਕੂਲ ਦੇ ਆਪਦੇ ਅੱਠਵੀਂ, ਦਸਵੀਂ, ਬਾਰ੍ਹਵੀਂ ਦੇ ਸ਼੍ਰੇਣੀ ਵਾਈਜ਼ 50 ਤੋਂ ਘੱਟ ਪਰੀਖਿਆਰਥੀ ਹਨ ਤਾਂ ਜਿਸ ਸ਼੍ਰੇਣੀ ਵਿੱਚ ਜ਼ਿਆਦਾ ਪਰੀਖਿਆਰਥੀ ਹਨ, ਉਸ ਦੇ 50 ਤੋਂ ਘੱਟ ਬਾਕੀ ਬਚਦੇ ਪਰੀਖਿਆਰਥੀਆਂ ਦੀ 1000/- ਰੁ: ਪ੍ਰਤੀ ਪਰੀਖਿਆਰਥੀ ਫੀਸ ਲੱਗੇਗੀ (ਉਦਾਹਰਨ - ਜੇਕਰ ਅੱਠਵੀਂ ਵਿੱਚ 10, ਦਸਵੀਂ ਵਿੱਚ 20 ਅਤੇ ਬਾਰ੍ਹਵੀਂ ਵਿੱਚ 41 ਪਰੀਖਿਆਰਥੀ ਹਨ ਤਾਂ ਬਾਰ੍ਹਵੀਂ ਦੇ ਵੱਧ ਪਰੀਖਿਆਰਥੀ ਹੋਣ ਕਰਕੇ 50-41=9 ਬਾਕੀ ਪਰੀਖਿਆਰਥੀਆਂ ਦੀ ਫੀਸ 1000/- ਰੁ: ਪ੍ਰਤੀ ਪਰੀਖਿਆਰਥੀ 9000 (1000x9) ਫੀਸ ਲੱਗੇਗੀ।
2. ਸਹਿਮਤੀ ਨਾਲ ਉੱਪਲਰੀ ਸ਼ਰਤ ਪੇਂਡੂ ਖੇਤਰ ਲਈ 70 ਅਤੇ ਸ਼ਹਿਰੀ ਖੇਤਰ ਲਈ 100 ਪੂਰੀ ਨਹੀਂ ਕਰਦੇ, ਨਵਾਂ ਪਰੀਖਿਆ ਕੇਂਦਰ ਸਥਾਪਿਤ ਕਰਨ ਲਈ ਘੱਟ ਪਰੀਖਿਆਰਥੀਆਂ ਦੀ 1000/- ਰੁ: ਪ੍ਰਤੀ ਪਰੀਖਿਆਰਥੀ ਫੀਸ ਲੱਗੇਗੀ।
3. ਇਸ ਸਬੰਧੀ ਦਸਤਾਵੇਜ਼ ਸਕੈਨ ਕਰਕੇ ਆਨਲਾਈਨ ਪੋਰਟਲ ਰਾਹੀਂ ਭੇਜੇ ਜਾਣ। ਸਹਿਮਤੀ ਦਸਤਾਵੇਜ਼ ਕੰਡਕਟ ਸ਼ਾਖਾ ਵੱਲੋਂ ਚੈੱਕ ਕੀਤਾ ਜਾਵੇਗਾ ਅਤੇ ਲੋੜੀਂਦੀ ਕਾਰਵਾਈ ਅਨੁਸਾਰ ਬਣਦੀ ਫੀਸ ਮੁੱਖ ਦਫਤਰ ਵਿਖੇ ਲਈ ਜਾਵੇਗੀ। ਸਾਰੇ ਦਸਤਾਵੇਜ਼ਾਂ ਦੀ ਹਾਰਡ ਕਾਪੀ ਮੁੱਖ ਦਫਤਰ ਵਿਖੇ ਜਮ੍ਹਾਂ ਕਰਵਾਉਂਣੀ ਲਾਜਮੀ ਹੈ।

III. ਬਿਨੈ ਪੱਤਰ ਦੇ ਨਾਲ ਨਿਯਮਾਂ ਅਨੁਸਾਰ ਬਣਦੀ ਫੀਸ ਪ੍ਰਾਪਤ ਹੋਣੀ ਚਾਹੀਦੀ ਹੈ, ਜੇਕਰ ਬਿਨੈਕਾਰ ਸਕੂਲ ਕੇਂਦਰ ਸਥਾਪਤ ਲਈ ਨਿਰਧਾਰਤ ਸਾਰੀਆਂ ਸ਼ਰਤਾਂ ਪੂਰੀਆਂ ਨਹੀ ਕਰਦਾ ਤਾਂ ਕੇਂਦਰ ਸਥਾਪਤ ਕਰਨ ਲਈ ਜਮ੍ਹਾਂ ਕਰਵਾਈ ਗਈ ਫੀਸ ਵਾਪਸ ਨਹੀ ਕੀਤੀ ਜਾਵੇਗੀ।

IV. ਪਰੀਖਿਆ ਕੇਂਦਰ ਬਣਾਉਣ ਲਈ ਬਿਨੈਪੱਤਰ ਦੇ ਨਾਲ ਸਕੂਲ ਦੀ ਇਮਾਰਤ ਦਾ ਨਕਸ਼ਾ ਨੱਥੀ ਹੋਣਾ ਚਾਹੀਦਾ ਹੈ। ਇਮਾਰਤ ਦਾ ਉਹ ਹਿੱਸਾ ਜਿਹੜਾ ਕੇਂਦਰ ਵਜੋਂ ਵਰਤਿਆ ਜਾਣਾ ਹੈ, ਉਸ ਦੀ ਨਿਸ਼ਾਨਦੇਹੀ ਲਾਲ ਰੰਗ ਨਾਲ ਕੀਤੀ ਜਾਵੇ। ਨਕਸ਼ੇ ਵਿੱਚ ਹਰ ਕਮਰੇ ਦਾ ਮਾਪ ਅਤੇ ਦਰਵਾਜੇ, ਖਿੜਕੀਆਂ ਵੀ ਦਰਸਾਏ ਜਾਣੇ ਚਾਹੀਦੇ ਹਨ। ਖਿੜਕੀਆਂ ਵਿੱਚ ਗਰਿੱਲਾਂ ਅਤੇ ਜਾਲੀਆ ਦਾ

ਹੋਣਾ ਲਾਜ਼ਮੀ ਹੈ। ਸਕੂਲ ਦੀ ਚਾਰ-ਦਿਵਾਰੀ ਹੋਣੀ ਜਰੂਰੀ ਹੈ। ਕਮਰਿਆਂ ਵਿੱਚ ਟਿਊਬ ਲਾਈਟਾਂ, ਪੱਖੇ ਅਤੇ ਬਿਜਲੀ ਦਾ ਪ੍ਰਬੰਧ ਹੋਣਾ ਜਰੂਰੀ ਹੈ। ਕਮਰੇ ਹਵਾਦਾਰ ਹੋਣੇ ਚਾਹੀਦੇ ਹਨ।

V. ਸਕੂਲ ਵਿੱਚ ਪਰੀਖਿਆ ਲਈ ਪਰੀਖਿਆਰਥੀਆਂ ਦੀ ਗਿਣਤੀ ਅਨੁਸਾਰ ਸਿੰਗਲ ਬੈਂਚ ਹੋਣੇ ਜ਼ਰੂਰੀ ਹਨ।

VI. ਪਰੀਖਿਆ ਦੌਰਾਨ ਸੰਸਥਾ ਨੂੰ ਆਪਣੇ ਸਕੂਲ ਦੇ ਕਲਰਕ ਨੂੰ ਬਤੌਰ ਸਹਾਇਕ ਸੁਪਰਡੰਟ ਅਤੇ ਲੋੜ ਪੈਣ ਤੇ ਹੋਰ ਅਮਲਾ ਪਰੀਖਿਆਵਾਂ ਦੇ ਸੰਚਾਲਨ ਲਈ ਫਾਰਗ ਕਰਨਾ ਹੋਵੇਗਾ।

VII. **<u>ਪਰੀਖਿਆ ਕੇਂਦਰ ਬਣਾਉਣ ਲਈ ਆਪਣੇ ਸਕੂਲ ਦੇ ਰੈਗੂਲਰ ਪਰੀਖਿਆਰਥੀਆਂ ਦੀ ਗਿਣਤੀ ਘੱਟ ਤੋਂ ਘੱਟ 50 ਹੋਣੀ ਚਾਹੀਦੀ ਹੈ। ਪੇਂਡੂ ਖੇਤਰ ਲਈ 70 ਅਤੇ ਸ਼ਹਿਰੀ ਖੇਤਰ ਲਈ 100 (ਸਮੇਤ ਸਹਿਮਤੀ ਸਕੂਲ) ਰੈਗੂਲਰ ਪਰੀਖਿਆਰਥੀ ਹੋਣੇ ਚਾਹੀਦੇ ਹਨ।</u>**

VIII. COVID-19 ਦੀਆਂ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੇਂਡੂ ਖੇਤਰ ਲਈ ਘੱਟ ਤੋਂ ਘੱਟ 150 ਤੋਂ 200 ਅਤੇ ਸ਼ਹਿਰੀ ਖੇਤਰ ਲਈ 250 ਤੋਂ 300 ਤੱਕ ਪਰੀਖਿਆਰਥੀਆਂ ਦੇ ਬਿਠਾਉਣ ਲਈ ਪ੍ਰਬੰਧ ਹੋਣਾ ਚਾਹੀਦਾ ਹੈ।

IX. ਇਹ ਸੰਸਥਾ ਪਰੀਖਿਆ ਦੌਰਾਨ ਹਰ ਪੱਖੋਂ ਸੇਫ ਕਮਰਾ ਇੱਕ ਦੀਵਾਰ ਵਾਲੀ ਘੜੀ, ਇੱਕ ਅਲਮਾਰੀ, ਇੱਕ ਲੋਹੇ ਦਾ ਟਰੰਕ ਜਿਹਨਾਂ ਵਿੱਚ ਉਤਰ ਕਾਪੀਆਂ/ਪ੍ਰਸ਼ਨ ਪੱਤਰ ਅਤੇ ਸਟੇਸ਼ਨਰੀ ਆਦਿ ਰੱਖੀਆਂ ਜਾਣੀਆਂ ਹਨ, ਬਿਨ੍ਹਾਂ ਕਿਰਾਏ ਤੋਂ ਸਥਾਈ ਤੌਰ ਤੇ ਮੁੱਹਈਆ ਕਰਵਾਏਗੀ।

X. ਹਰ ਕਮਰਾ ਸਮੇਤ ਹਾਲ ਕਮਰਾ ਇੱਕ ਦੂਜੇ ਨਾਲ ਜੁੜਵੇਂ ਹੋਣੇ ਚਾਹਦੇ ਹਨ ਅਤੇ ਹਰ ਕਮਰੇ ਵਿੱਚ 20 ਤੋਂ 30 ਵਿਦਿਆਰਥੀ ਬੈਂਚ ਲਗਾ ਕੇ ਬੈਠਣ ਦੀ ਸਮਰੱਥਾ ਹੋਣੀ ਚਾਹੀਦੀ ਹੈ।

XI ਨਵਾਂ ਪਰੀਖਿਆ ਕੇਂਦਰ ਸਥਾਪਿਤ ਕਰਨ ਲਈ ਕਿਸੇ ਵੀ ਸੰਸਥਾ ਦੇ ਆਪਣੇ 35 ਪਰੀਖਿਆਰਥੀਆਂ ਤੋਂ ਘੱਟ ਵਾਲੀਆਂ ਸੰਸਥਾ ਨੂੰ ਸੈਲਫ ਕੇਂਦਰ ਬਣਾਉਣ ਲਈ ਨਹੀਂ ਵਿਚਾਰਿਆ ਜਾਵੇਗਾ।

XII. ਨਵਾਂ ਪਰੀਖਿਆ ਕੇਂਦਰ ਸਥਾਪਿਤ ਕਰਨ ਲਈ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ੍ਰੇਣੀ ਵਿੱਚ 50 ਪਰੀਖਿਆਰਥੀ ਹੋਣੇ ਚਾਹੀਦੇ ਹਨ। ਜੇਕਰ ਸਕੂਲ ਦੇ ਆਪਣੇ 50 ਤੋਂ ਘੱਟ ਪਰੀਖਿਆਰਥੀ ਹਨ ਤਾਂ ਜਿਸ ਸ੍ਰੇਣੀ ਵਿੱਚ ਜਿਆਦਾ ਪਰੀਖਿਆਰਥੀ ਹਨ ਉਸ ਦੇ ਘੱਟ ਪਰੀਖਿਆਰਥੀਆਂ ਦੀ ਲੈਸ ਫੀਸ 1000/- ਰੁਪਏ ਪ੍ਰਤੀ ਪਰੀਖਿਆਰਥੀ ਨਵਾਂ ਪਰੀਖਿਆ ਕੇਂਦਰ ਸਥਾਪਿਤ ਕਰਨ ਜਾਂ ਕੰਨਟੀਨਿਊਸ਼ਨ ਦੀ ਫੀਸ ਨਾਲ ਜਮ੍ਹਾਂ ਕਰਵਾਈ ਜਾਵੇ।

XIII. ਮਾਰਚ 2017 ਤੋਂ ਚਲਦੇ ਪਰੀਖਿਆ ਕੇਂਦਰਾ ਤੋਂ ਕੰਨਟੀਨਿਊਸ਼ਨ ਫੀਸ 2000/- ਰੁਪਏ ਕੇਵਲ Term-2 ਦੀਆਂ ਪਰੀਖਿਆਵਾਂ ਲਈ ਪ੍ਰਾਪਤ ਕੀਤੀ ਜਾਵੇਗੀ। ਇਹ ਫੀਸ ਮਿਤੀ: 02-Feb-2022 ਤੋਂ 10-Feb-2022 ਤੱਕ ਆਨਲਾਈਨ ਜਮ੍ਹਾਂ ਕਰਵਾਈ ਜਾਵੇ।

XIV. ਪਰੀਖਿਆ ਕੇਂਦਰ ਗਰਾਊਂਡ ਫਲੋਰ ਤੇ ਸਥਾਪਿਤ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ।

XV. ਰੋਡ ਮੈਪ ਬਿਨੈਪੱਤਰ ਨਾਲ ਲਗਾਇਆ ਜਾਵੇ ਜਿਸ ਵਿੱਚ ਨੇੜੇ ਦਾ ਪਰੀਖਿਆ ਕੇਂਦਰ ਅਤੇ ਸ਼ਹਿਰ ਵੀ ਦਰਸਾਇਆ ਗਿਆ ਹੋਵੇ।

XVI. ਪਰੀਖਿਆਵਾਂ ਦੌਰਾਨ ਹਰ ਕਮਰੇ ਵਿੱਚ ਸੀ.ਸੀ.ਟੀ.ਵੀ ਕੈਮਰੇ ਆਪਣੇ ਪੱਧਰ ਤੇ ਬਣਾਉਂਣੇ ਯਕੀਨੀ ਬਣਾਏ ਜਾਣ।

XVII. ਨਾਲ ਨੱਥੀ ਅਨੁਸਾਰ ਤਸਦੀਕਸ਼ੁਦਾ ਹਲਫੀਆ ਬਿਆਨ, ਐਲਾਨ-ਨਾਮਾ ਅਤੇ ਨਿਰਧਾਰਿਤ ਫੀਸ, ਸਕੂਲ ਵਲੋਂ ਪਰੀਖਿਆ ਕੇਂਦਰ ਸਥਾਪਤ ਕਰਨ ਸਬੰਧੀ ਦਿੱਤੇ ਜਾਣ ਵਾਲੇ ਬਿਨੈ-ਪੱਤਰ ਦੇ ਨਾਲ ਜਮ੍ਹਾਂ ਕਰਵਾਇਆ ਜਾਵੇ।

ਸਹੀ/-

ਕੰਟਰੋਲਰ (ਪਰੀਖਿਆਵਾਂ),
ਪੰਜਾਬ ਸਕੂਲ ਸਿੱਖਿਆ ਬੋਰਡ।

# ਪੰਜਾਬ ਸਕੂਲ ਸਿੱਖਿਆ ਬੋਰਡ

ਅੱਠਵੀਂ, ਦਸਵੀਂ ਅਤੇ ਬਾਰਵੀਂ ਦੀਆਂ ਕੇਵਲ Term-2 ਦੀ ਪਰੀਖਿਆਵਾਂ 2022 ਲਈ ਨਵਾਂ ਪਰੀਖਿਆ ਕੇਂਦਰ ਬਣਾਉਣ ਅਤੇ ਪੁਰਾਣਾ ਪਰੀਖਿਆ ਕੇਂਦਰ ਚਾਲੂ ਰੱਖਣ ਲਈ ਬਿਨੈ ਪੱਤਰ।

1. ਪਰੀਖਿਆ ਕੇਂਦਰ ਲਈ ਬਿਨੈ ਪੱਤਰ ਦੇਣ ਵਾਲੀ ਸੰਸਥਾ ਦਾ ਨਾਂ/ ..............................................................
ਸਕੂਲ ਕੋਡ ਸਮੇਤ ਫੋਨ/ਮੋ: ਨੰਬਰ/ਈ.ਮੇਲ . ..............................................................
..............................................................................................................................
2. ਸਕੂਲ ਦਾ ਐਫੀਲੀਏਸ਼ਨ ਦਾ ਪੱਧਰ
..............................................................
3. ਪਰੀਖਿਆਰਥੀਆਂ ਦੀ ਗਿਣਤੀ
ਲੜਕੇ ............................ ਲੜਕੀਆਂ........................ ਕੁੱਲ ਗਿਣਤੀ.........................
4. ਪਰੀਖਿਆ ਕੇਂਦਰ ਲਈ ਕਮਰਿਆ ਦੀ ਗਿਣਤੀ ਅਤੇ ਸਾਈਜ ......................................................................
5. ਕਮਰੇ ਵਿੱਚ ਪਰੀਖਿਆਰਥੀ ਦੇ ਬੈਠਣ ਦੀ ਸਮਰੱਥਾ
(COVID-19 ਦੀਆਂ ਹਦਾਇਤਾਂ ਅਨੁਸਾਰ ) ..........................................
6. ਕੀ ਹਾਲ ਅਤੇ ਕਮਰੇ ਜੋ ਪਰੀਖਿਆ ਕੇਂਦਰ ਲਈ ਵਰਤੇ ਜਾਣੇ ਹਨ, ਉਹ ਇੱਕ ਦੂਜੇ ਨਾਲ ਜੁੜਵੇਂ ਹਨ? ..........................................
7. ਸਕੂਲ ਵਿੱਚ ਬਾਕੀ ਬਚਦੇ ਕਮਰਿਆ ਦੀ ਗਿਣਤੀ ........................................
8. ਸੰਸਥਾ ਵਿਚਲੀ ਵਿਗਿਆਨ ਦੀ ਪ੍ਰਯੋਗਸ਼ਾਲਾ ਵਿੱਚ ਇਕੋ ਸਮੇਂ ਕਿੰਨੇ ਪਰੀਖਿਆਰਥੀਆਂ ਦੀ ਪਰੀਖਿਆ ਲੈਣ ਦੀ ਸਮਰੱਥਾ ਹੈ ?
ੳ) ਭੌਤਿਕ ਵਿਗਿਆਨ .......... ਅ) ਰਸਾਇਣ ਵਿਗਿਆਨ ..........
ੲ) ਜੀਵ ਵਿਗਿਆਨ .......... ਸ) ਦਸਤਕਾਰੀ ..........
9. **ਫਰਨੀਚਰ ਦਾ ਵੇਰਵਾ:-**
ੳ) ਇਕਹਿਰੀ ਸੀਟ ਵਾਲੇ ਡੈਸਕ ...........................................
ਅ) ਦੁਹਰੀ ਸੀਟ ਵਾਲੇ ਡੈਸਕ ............................................
10. ਨਵਾਂ ਪਰੀਖਿਆ ਕੇਂਦਰ ਬਣਾਉਣ ਲਈ ਆਪਣੇ ਸਕੂਲ ਦੇ ਘੱਟੋ ਘੱਟ 50 ਪਰੀਖਿਆਰਥੀਆਂ ਅਤੇ ਸਹਿਮਤੀ ਸਕੂਲਾਂ ਨਾਲ ਪੇਂਡੂ ਖੇਤਰ ਵਿੱਚ 70 ਅਤੇ ਸ਼ਹਿਰੀ ਖੇਤਰ ਲਈ 100 ਗਿਣਤੀ ਹੋਣੀ ਚਾਹੀਦੀ ਹੈ।
11. ਨਿਰਧਾਰਿਤ ਗਿਣਤੀ ਤੋਂ ਘੱਟ ਪਰੀਖਿਆਰਥੀਆਂ ਦੀ 1000/- ਰੁ ਪ੍ਰਤੀ ਪਰੀਖਿਆਰਥੀ ਫੀਸ ਲੱਗੇਗੀ।
12. ਸਹਿਮਤੀ ਸਕੂਲ ਦਾ ਵੇਰਵਾ (ਇਹ ਸਹਿਮਤੀ 3 ਸਾਲ ਲਈ ਰੱਖੀ ਜਾਵੇਗੀ)

| ਸਕੂਲ ਦਾ ਨਾਂ | ਸਕੂਲ ਕੋਡ | ਕਲਾਸ | ਲੜਕਿਆ ਦੀ ਗਿਣਤੀ | ਲੜਕੀਆਂ ਦੀ ਗਿਣਤੀ | ਕੁੱਲ ਗਿਣਤੀ | ਸਕੂਲ ਤੋਂ ਦੂਰੀ |
|---|---|---|---|---|---|---|
| | | | | | | |
| | | | | | | |

ਨੋਟ:- ਆਪਣੇ-ਆਪਣੇ ਲੈਟਰ ਪੈਡ ਤੇ ਬਿਨੈਕਾਰ ਸਕੂਲ ਨੂੰ ਸਹਿਮਤੀ ਦਿੱਤੀ ਜਾਵੇ ।

13. ਇਹ ਫਾਰਮ ਮਿਤੀ: ..........................ਤੱਕ ਹਰ ਹਾਲਤ ਵਿੱਚ ਮੁੱਖ ਦਫਤਰ ਸਿੰਗਲ ਵਿੰਡੋ ਜਮ੍ਹਾਂ ਕਰਵਾਇਆ ਜਾਵੇ।
ਇਸ ਮਿਤੀ: ਤੋਂ ਬਾਅਦ ਕੋਈ ਵੀ ਪ੍ਰੋਫਾਰਮਾ ਸਵਿਕਾਰ ਨਹੀਂ ਕੀਤਾ ਜਾਵੇਗਾ ਫੀਸ ਅਤੇ ਹਦਾਇਤਾਂ ਨਾਲ ਨੱਥੀ ਹਨ।

ਸੰਸਥਾ ਦੇ ਮੁੱਖੀ ਦਾ ਪੂਰਾ ਨਾਂ ਸੰਸਥਾ ਮੁੱਖੀ ਦੇ ਹਸਤਾਖਰ

(ਸਾਫ ਅੱਖਰਾਂ ਵਿੱਚ) (ਮੋਹਰ ਸਮੇਤ)

ਟੈਲੀਫੋਨ/ਮੋਬਾਇਲ ਨੰਬਰ (ਕੋਡ ਸਮੇਤ)

ਮਿਤੀ: ........................

ਈ.ਮੇਲ

# ਐਲਾਨ

ਮੈਂ ਹੇਠਾਂ ਦਿੱਤੀਆਂ ਸ਼ਰਤਾਂ ਅਤੇ ਬੋਰਡ ਵਲੋਂ ਸਮੇਂ-ਸਮੇਂ ਤੇ ਲਗਾਈਆਂ ਜਾਣ ਵਾਲੀਆਂ ਸ਼ਰਤਾਂ ਨੂੰ ਮੰਨਣ ਦਾ ਇਕਰਾਰ ਕਰਦਾ ਹਾਂ:-

(ੳ) ਮੈਂ ਕੇਂਦਰ ਸੁਪਰਡੰਟ ਨੂੰ ਪਰੀਖਿਆ ਕੇਂਦਰ ਦੀ ਹਦੂਦ ਦੇ ਅੰਦਰ-ਬਾਹਰ ਅਨੁਸ਼ਾਸਨ ਕਾਇਮ ਕਰਨ ਅਤੇ ਲੋੜੀਂਦੀ ਸਹਾਇਤਾਂ ਪ੍ਰਦਾਨ ਕਰਨ ਲਈ ਇੱਕ ਕਰਮਚਾਰੀ ਦੀਆਂ ਸੇਵਾਵਾਂ ਸਪੁਰਦ ਕਰਾਂਗਾ।

(ਅ) ਬਿਨੈ-ਪੱਤਰ ਭੇਜਣ ਸਮੇਂ ਫਾਰਮ ਵਿੱਚ ਦਰਸਾਏ ਅਨੁਸਾਰ ਇਸ ਸੰਸਥਾ ਕੋਲ ਲੋੜੀਂਦਾ ਸਥਾਨ ਅਤੇ ਫਰਨੀਚਰ(ਇਕਹਿਰੀ ਅਤੇ ਦੁਹਰੀ ਸੀਟ ਵਾਲੇ ਡੈਸਕ) ਮੌਜੂਦ ਹਨ ਅਤੇ ਮੈਂ ਇਸ ਗੱਲ ਦੀ ਜਿੰਮੇਵਾਰੀ ਲੈਂਦਾ ਹਾਂ ਕਿ ਜੇਕਰ ਉਮੀਦਵਾਰਾਂ ਦੀ ਸੰਖਿਆ ਪ੍ਰਾਈਵੇਟ ਉਮੀਦਵਾਰਾਂ ਸਮੇਤ ਵੱਧ ਜਾਂਦੀ ਹੈ ਤਾਂ ਉਹਨਾਂ ਲਈ ਲੋੜੀਂਦੀ ਵਿਵਸਥਾ ਕੀਤੀ ਜਾਵੇਗੀ।

(ੲ) ਪਰੀਖਿਆ ਦੌਰਾਨ ਮੇਰੇ/ਮੇਰੇ ਸਹਿਯੋਗੀਆਂ ਵਲੋਂ ਪਰੀਖਿਆ ਕੇਂਦਰ ਵਿੱਚ ਦਖ਼ਲ-ਅੰਦਾਜੀ ਨਹੀ ਕੀਤੀ ਜਾਵੇਗੀ। ਜੇਕਰ ਦਖ਼ਲ-ਅੰਦਾਜੀ ਸਾਬਤ ਹੋ ਜਾਂਦੀ ਹੈ ਤਾਂ ਬੋਰਡ ਦਫ਼ਤਰ ਨੂੰ ਬਿਨਾਂ ਕਿਸੇ ਨੋਟਿਸ ਤੋਂ ਪਰੀਖਿਆ ਕੇਂਦਰ ਰੱਦ ਕਰਨ ਦਾ ਅਧਿਕਾਰ ਹੋਵੇਗਾ।

(ਸ) ਇਹ ਸਾਬਤ ਹੋਣ ਤੇ ਕਿ ਸਟਾਫ ਦੇ ਕਿਸੇ ਮੈਂਬਰ ਨੇ ਅਣ-ਉਚਿਤ ਸਾਧਨ ਵਰਤਣ ਵਿੱਚ ਮਦਦ ਕੀਤੀ ਹੈ ਤਾਂ ਸਬੰਧਤ ਸਕੂਲ ਪ੍ਰਬੰਧਕੀ ਕਮੇਟੀ ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰੇਗੀ ਅਤੇ ਉਸ ਦੀ ਰਿਪੋਰਟ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ,(ਮੋਹਾਲੀ) ਨੂੰ ਭੇਜੀ ਜਾਵੇਗੀ। !

(ਹ) ਪਰੀਖਿਆਵਾਂ ਦੌਰਾਨ ਹਰ ਕਮਰੇ ਵਿੱਚ ਸੀ.ਸੀ.ਟੀ.ਵੀ ਕੈਮਰੇ ਆਪਣੇ ਪੱਧਰ ਤੇ ਲਾਉਂਣ ਲਈ ਪਾਬੰਦ ਹੋਵਾਂਗਾ (ਕੇਵਲ ਐਫੀਲੀਏਟਡ ਸੰਸਥਾਵਾਂ ਲਈ)। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੋਰਡ ਦਫਤਰ ਪਾਸ ਬਿਨ੍ਹਾਂ ਕਿਸੇ ਨੋਟਿਸ ਤੋਂ ਪਰੀਖਿਆ ਕੇਂਦਰ ਰੱਦ ਕਰਨ ਦਾ ਅਧਿਕਾਰ ਹੋਵੇਗਾ।

ਸੰਸਥਾ ਮੁੱਖੀ ਦੇ ਹਸਤਾਖਰ

# **ਹਲਫਨਾਮਾ**

ਮੈਂ............................................................................................................ਪ੍ਰਿੰਸੀਪਲ

........................................................ ਹਲਫ ਨਾਲ ਬਿਆਨ ਕਰਦਾ ਹਾਂ ਕਿ:–

1. ਉਪਰੋਕਤ ਸੰਸਥਾ ਵਿਖੇ ਅਠਵੀਂ, ਦਸਵੀਂ ਅਤੇ ਬਾਰਵੀਂ ਪੱਧਰ ਦੀ ਸ਼੍ਰੇਣੀ ਦਾ ਪਰੀਖਿਆ ਕੇਂਦਰ ਸਥਾਪਤ ਕਰਵਾਉਣ ਲਈ ਬੋਰਡ ਦੀਆਂ ਸ਼ਰਤਾਂ ਪੂਰੀਆਂ ਕਰਦੀ ਹੈ।
2. ਇਹ ਕਿ ਇਹ ਤਿੰਨੋਂ ਪਰੀਖਿਆ ਕੇਂਦਰ ਇੱਕ ਚਾਰ–ਦੀਵਾਰੀ ਦੇ ਅੰਦਰ ਚੱਲਣਗੇ। ਇਸ ਸਬੰਧੀ ਸੰਸਥਾ ਦੀ ਬਿਲਡਿੰਗ ਦਾ ਨਕਸ਼ਾ ਅਤੇ ਪਹੁੰਚ ਮਾਰਗ ਦਾ ਰਸਤਾ (Road Map) ਨੱਥੀ ਹੈ। ਸੰਸਥਾ ਦੋਵੇਂ ਕੇਂਦਰ ਇੱਕ ਸਮੇਂ ਚਲਾਉਣ ਦੇ ਸਮਰੱਥ ਹੈ।
3. ਸੰਸਥਾ ਬੋਰਡ ਵੱਲੋਂ ਜਾਰੀ ਹਦਾਇਤਾਂ ਦੀ ਇੰਨ–ਬਿੰਨ ਪਾਲਣਾ ਕਰਦੀ ਆ ਰਹੀ ਹੈ ਅਤੇ ਅੱਗੇ ਤੋ. ਇਨ੍ਹਾਂ ਦੀ ਇੰਨ–ਬਿੰਨ ਪਾਲਣਾ ਕਰਨ ਲਈ ਬਚਨਬੱਧ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਬੋਰਡ ਨੂੰ ਸੰਸਥਾ ਵਿਰੁੱਧ ਕੋਈ ਵੀ ਕਾਰਵਾਈ ਕਰਨ ਦਾ ਹੱਕ ਹੈ।
4. ਉਪਰੋਕਤ ਸਬੰਧੀ ਸੰਸਥਾ ਖਿਲਾਫ ਕਿਸੇ ਵੀ ਕਿਸਮ ਦੇ ਦੋਸ਼ ਸਿੱਧ ਹੋਣ ਦੀ ਸੂਰਤ ਵਿੱਚ ਕੀਤੀ ਜਾਣ ਵਾਲੀ ਕਾਨੂੰਨੀ ਕਾਰਵਾਈ ਦਾ ਖਰਚਾ/ਜੁਰਮਾਨਾ (ਜੇਕਰ ਕੋਈ ਹੋਵੇ) ਸੰਸਥਾ ਮੁੱਖੀ ਅਦਾਇਗੀ ਕਰਨ ਲਈ ਜ਼ਿੰਮੇਵਾਰ ਹੋਵੇਗਾ।
5. ਪਰੀਖਿਆਵਾਂ ਦੌਰਾਨ ਹਰ ਕਮਰੇ ਵਿੱਚ ਸੀ.ਸੀ.ਟੀ.ਵੀ ਕੈਮਰੇ ਆਪਣੇ ਪੱਧਰ ਤੇ ਲਾਉਂਣ ਲਈ ਪਾਬੰਦ ਹੋਵਾਂਗਾ (ਕੇਵਲ ਐਫੀਲੀਏਟਡ ਸੰਸਥਾਵਾਂ ਲਈ)। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੋਰਡ ਦਫਤਰ ਪਾਸ ਬਿਨ੍ਹਾਂ ਕਿਸੇ ਨੋਟਿਸ ਤੋਂ ਪਰੀਖਿਆ ਕੇਂਦਰ ਰੱਦ ਕਰਨ ਦਾ ਅਧਿਕਾਰ ਹੋਵੇਗਾ।
6. **ਪਰੀਖਿਆਵਾਂ ਦੌਰਾਨ ਨਕਲ/ਅਣਉਚਿਤ ਸਾਧਨਾਂ ਦੀ ਵਰਤੋਂ ਨਾ ਹੋਣ ਦੇਣ ਲਈ ਪਾਬੰਦ ਹੋਵਾਂਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਬੋਰਡ ਦਫਤਰ ਪਾਸ ਬਿਨਾਂ ਕਿਸੇ ਨੋਟਿਸ ਤੋਂ ਪਰੀਖਿਆ ਕੇਂਦਰ ਰੱਦ ਕਰਨ ਦਾ ਅਧਿਕਾਰ ਹੋਵੇਗਾ।**

ਬਿਆਨਕਰਤਾ

ਵੈਰੀਫਿਕੇਸ਼ਨ:

ਮੈਂ ਤਸਦੀਕ ਕਰਦਾ ਹਾਂ ਕਿ ਉਪਰੋਕਤ ਦਰਜ ਲੜੀ ਨੰ:1 ਤੋ 6 ਤੱਥ ਮੇਰੀ ਜਾਣਕਾਰੀ ਮੁਤਾਬਿਕ ਬਿੱਲਕੁੱਲ ਸਹੀ ਹਨ ਨਾ ਹੀ ਇਸ ਸਬੰਧੀ ਕੋਈ ਗਲਤ ਬਿਆਨੀ ਕੀਤੀ ਗਈ ਹੈ ਅਤੇ ਨਾ ਹੀ ਕੋਈ ਤੱਥ ਛੁਪਾਇਆ ਗਿਆ ਹੈ।

ਬਿਆਨਕਰਤਾ